Roll No. ........................ Total Pages : 7

**GSM/M-20** **1537**

# PUNJABI (Elective)

Time Allowed : 3 Hours] [Maximum Marks : 80

**ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਵਜੀਦ **ਜਾਂ** ਵਾਰਿਸ ਸ਼ਾਹ ਦੇ ਜੀਵਨ ਅਤੇ ਸਾਹਿਤ ਦੇਣ ਉਪਰ ਨੋਟ ਲਿਖੋ। 5

2. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ **ਦੋ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: 5+5=10

   (ੳ) ਮੂਰਖ ਨੂੰ ਸਵਾਰੀ ਹਾਥੀ ਘੋੜਿਆਂ॥
   ਪੰਡਤ ਫਿਰਨ ਪਿਆਦੇ ਪਾਟੇ ਜੋੜਿਆਂ॥
   ਕਰਦੇ ਸੁਘੜ ਮਜੂਰੀ ਮੂਰਖ ਦੇ ਜਾਇ ਘਰ॥
   ਬਜੀਦਾ ਕੌਣ ਸਾਹਿਬ ਨੂੰ ਆਖੇ ਇਉ ਨਹੀਂ ਇੰਜ ਕਰ॥

   (ਅ) ਰਾਂਝਾ ਆਖਦਾ ਇਹ ਜਹਾਨ ਸੁਫ਼ਨਾ,
   ਮਰ ਜਾਵਣਾ ਹੀ ਨੈਣਾਂ ਵਾਲੀਏ ਨੀ।
   ਤੁਸਾਂ ਜਿਹਾਂ ਪਿਆਰਿਆਂ ਇਹ ਲਾਜ਼ਮ,
   ਆਏ ਗਏ ਮੁਸਾਫ਼ਰਾਂ ਪਾਲੀਏ ਨੀ।
   ਏਡਾ ਹੁਸਨ ਦਾ ਨਾਂਹ ਗੁਮਾਨ ਕਰੀਏ,
   ਇਹ ਲੈ ਪਲੰਗ ਹਈ ਸਵੇ ਨਿਹਾਲੀਏ ਨੀ।

ਵਾਰਿਸ਼ਸ਼ਾਹ ਮੀਆਂ ਇਹ ਜਹਾਨ ਸੁਫ਼ਨਾ,
ਮਰ ਜਾਵਣਾ ਹੈ ਨੈਣਾਂ ਵਾਲੀਏ ਨੀ।

(ੲ) ਹੇ ਹੱਥ ਨਹੀਂ ਆਂਵਦੇ ਮੋਏ ਮਾਤਾ
ਪੂਰਨ ਆਖਦਾ ਮਾਇ ਤੂੰ ਰੋ ਨਾਹੀਂ।
ਅਰਜਨ ਦਾਸ ਜੇਹੇ ਢਾਹੀਂ ਮਾਰ ਗਏ,
ਇਕੋ ਅਭਿਮਨੋ ਕੋਈ ਨਾਹੀ।
ਕੈਨੂੰ ਨਹੀਂ ਲਗੇ ਸਲ ਪੁਤਰਾਂ ਦੇ ਮਾਤਾ
ਤੂੰ ਦਿਲਗੀਰ ਭੀ ਹੋਇ ਨਾਹੀਂ।
ਕਾਦਰਯਾਰ ਦਿਲੇਰੀਆਂ ਦਏ ਪੂਰਨ, ਗਮ ਖਾਹ ਮਾਏ,
ਖਫਤਨ ਹੋਇ ਨਾਹੀਂ।

(ਸ) ਇਕ ਪਿੰਡ ਦਾ ਨਾਮ ਜੋ ਮੁਦਕੀ ਸੀ
ਉਥੇ ਭਰੀ ਸੀ ਪਾਣੀ ਦੀ ਖੱਡ ਮੀਆਂ।
ਘੋੜੇ ਚੜ੍ਹੇ ਅਕਾਲੀਏ ਨਵੇਂ ਸਾਰੇ,
ਝੰਡੇ-ਦਿੱਤੇ ਨੀ ਜਾਇ ਕੇ ਗੱਡ ਮੀਆਂ।
ਤੋਪਾਂ ਚਲੀਆਂ ਕਟਕ ਫਿਰੰਗੀਆਂ ਦੇ,
ਗੋਲੇ ਤੋੜਦੇ ਮਾਸ ਤੇ ਹੱਡ ਮੀਆਂ।
ਸ਼ਾਹ ਮੁਹੰਮਦਾ ਪਿਛਾਂਹ ਨੂੰ ਉਠ ਨੱਠੇ,
ਤੋਪਾਂ ਸਭ ਆਏ ਉਥੇ ਛੱਡ ਮੀਆਂ।

3. 1701 ਤੋਂ 1850 ਈ: ਤਕ ਰੱਚੇ ਗਏ ਸੂਫੀ ਸਾਹਿਤ ਉਪਰ ਚਰਚਾ ਕਰੋ।

**ਜਾਂ**

1701 ਤੋਂ 1850 ਈ: ਤਕ ਰੱਚੇ ਗਏ ਕਿੱਸਾ ਕਾਵਿ ਬਾਰੇ ਚਰਚਾ ਕਰੋ। 15

4. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇੱਕ** ਉਪਰ 500 ਸ਼ਬਦਾਂ ਤੱਕ ਇਕ ਨਿਬੰਧ ਲਿਖੋ : 10

(ੳ) ਮਨਿ ਜੀਤੈ ਜਗੁ ਜੀਤੁ

(ਅ) ਅਨੁਸ਼ਾਸ਼ਨ ਦਾ ਮਹੱਤਵ

(ੲ) ਦਾਜ ਦੀ ਸੱਮਸਿਆ

(ਸ) ਭਰੂਣ ਹੱਤਿਆ।

5. ਹੇਠ ਲਿਖੇ ਅਲੰਕਾਰਾਂ ਵਿਚੋਂ ਕਿਸੇ **ਦੋ** ਦੀ ਪਰਿਭਾਸ਼ਾ ਅਤੇ ਲੱਛਣ ਉਪਰ ਉਦਾਹਰਣਾ ਸਹਿਤ ਲਿਖੋ : 10

(ੳ) ਉਪਮਾ

(ਅ) ਰੂਪਕ

(ੲ) ਦ੍ਰਿਸ਼ਟਾਂਤ

(ਸ) ਅਤਿਕਥਨੀ।

6. ਬਹੁਤੇ ਸ਼ਬਦਾਂ ਲਈ **ਇਕ** ਸ਼ਬਦ ਲਿਖੋ : 10

(i) ਦੂਸਰੇ ਲੋਕਾਂ ਦਾ ਭਲਾ ਕਰਨਾ।

(ii) ਜਿਸ ਦੀ ਔਲਾਦ ਹੋਵੇ।

(iii) ਆਪਣੇ ਆਪ ਨੂੰ ਮਾਰ ਲੈਣਾ।

(iv) ਜਦੋਂ ਮੀਹਂ ਦੀ ਘਾਟ ਹੋਵੇ।

(v) ਉਹ ਥਾਂ ਜਿਥੇ ਪਹਿਲਵਾਨ ਘੋਲ ਕਰਦੇ ਹਨ।

(vi) ਉਹ ਧਰਤੀ ਜੋ ਰੇਤਲੀ ਹੋਵੇ।

(vii) ਜਿਹੜਾ ਬਹੁਤ ਗੱਲਾਂ ਕਰੇ।

(viii) ਚਾਰ ਪੈਰਾਂ ਵਾਲਾ ਜਾਨਵਰ।

(ix) ਲੋਹੇ ਦਾ ਕੰਮ ਕਰਨ ਵਾਲਾ।

(x) ਜੋ ਫਸਲ ਠੀਕ ਸਮੇਂ ਤੋਂ ਪਹਿਲਾਂ ਬੀਜੀ ਜਾਵੇ।

7. ਹੇਠ ਲਿਖੇ ਸ਼ਬਦਾਂ ਵਿਚੋਂ 10 ਦਾ ਪੰਜਾਬੀ ਅਨੁਵਾਦ ਕਰੋ : 10

(i) Maxim

(ii) Meter

(iii) Mystical

(iv) Note

(v) Opera

(vi) Originality

(vii) Script

(viii) Size

(ix) Unity of time

(x) Vision

(xi) Verse

(xii) Work.

8. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ : 10

(i) ਵਜੀਦ ਅਨੁਸਾਰ ਰਾਵਣ ਕਿਹੋ ਜਿਹਾ ਰਾਜਾ ਸੀ?

(ੳ) ਤਾਕਤਵਰ

(ਅ) ਹੰਕਾਰੀ

(ੲ) ਧਨਵਾਨ

(ਸ) ਛੋਟਾ ਜਿਹਾ।

(ii) ਵਾਰਿਸ਼ਸ਼ਾਹ ਦੇ ਕਿੱਸੇ ਦਾ ਅੰਤ ਕਿਹੋ ਜਿਹਾ ਹੈ?

(ੳ) ਦੁਖਾਂਤ (ਅ) ਸੁਖਾਂਤ

(ੲ) ਦੁਖ-ਸੁਖਾਂਤ (ਸ) ਵਿਅੰਗਾਤਮਕ।

(iii) ਰਾਂਝਾ ਕਿਥੋਂ ਦਾ ਰਹਿਣ ਵਾਲਾ ਸੀ?

(ੳ) ਕਸੂਰ

(ਅ) ਲਾਹੋਰ

(ੲ) ਕੋਟ ਕਬੂਲਾ

(ਸ) ਤਖਤ ਹਜਾਰਾ।

(iv) ਲੂਣਾ ਪੂਰਨ ਦੀ ਕੀ ਲਗਦੀ ਸੀ?

(ੳ) ਮਤਰੇਈ ਮਾਂ (ਅ) ਸਕੀ ਮਾਂ

(ੲ) ਪ੍ਰੇਮਿਕਾ (ਸ) ਚਾਚੀ।

(v) ਸ਼ਾਹ ਮੁਹੰਮਦ ਤੀਸਰੀ ਜਾਤ ਕਿਸ ਨੂੰ ਕਹਿੰਦਾ ਹੈ?

(ੳ) ਅੰਗ੍ਰੇਜਾਂ ਨੂੰ

(ਅ) ਸਿੱਖਾਂ ਨੂੰ

(ੲ) ਹਿੰਦੂਆਂ ਨੂੰ

(ਸ) ਮੁਸਲਮਾਨਾ ਨੂੰ।

(vi) ਮੁਕਬਲ ਦੇ ਕਿੱਸੇ ਦਾ ਅੰਤ ਕਿਹੋ ਜਿਹਾ ਹੈ?

(ੳ) ਸੁਖਾਂਤਕ

(ਅ) ਦੁਖਾਂਤਕ

(ੲ) ਵਿਅੰਗਾਤਮਕ

(ਸ) ਸੰਕੇਤਾਤਮਕ।

(vii) ਕਾਦਰਯਾਰ ਦਾ ਕਿਹੜਾ ਕਿੱਸਾ ਬਹੁਤ ਹਰਮਨ ਪਿਆਰਾ ਹੋਇਆ?

(ੳ) ਪੂਰਨ ਭਗਤ

(ਅ) ਰਾਣੀ ਕੋਕਲਾਂ

(ੲ) ਰਾਜਾ ਰਸਾਲੂ

(ਸ) ਯੂਸਫ਼ ਜੁਲੈਖਾਂ।

(viii) ਗੁਰੂ ਗੋਬਿੰਦ ਸਿੰਘ ਦੀ ਵਾਰ ਦਾ ਕਰਤਾ ਕੌਣ ਹੈ?

(ੳ) ਮਨੀ ਸਿੰਘ

(ਅ) ਭਾਈ ਗੁਰਦਾਸ ਸਿੰਘ

(ੲ) ਗੁਮਨਾਮ

(ਸ) ਅਣੀਰਾਏ।

(ix) ਪੀਰ ਮੁਹੰਮਦ ਨੇ ਕਿਹੜੀ ਵਾਰ ਲਿਖੀ?

(ੳ) ਚੱਠਿਆਂ ਦੀ ਵਾਰ

(ਅ) ਲਵ-ਕੁਸ਼ ਦੀ ਵਾਰ

(ੲ) ਖਾਲਸੇ ਦੀ ਵਾਰ

(ਸ) ਨਾਦਰਸ਼ਾਹ ਦੀ ਵਾਰ।

(x) ਵਾਰਿਸ਼ਾਹ ਨੇ ਕਿੰਨ੍ਹਾਂ ਦੀ ਪ੍ਰੀਤ ਦਾ ਕਿੱਸਾ ਲਿਖਿਆ?

(ੳ) ਹੀਰ ਤੇ ਰਾਂਝਾ

(ਅ) ਸੋਹਣੀ ਤੇ ਮਹੀਵਾਲ

(ੲ) ਸੱਸੀ ਤੇ ਪੁੰਨੂੰ

(ਸ) ਮਿਰਜਾ ਤੇ ਸਾਹਿਬਾਂ।